**ਆਕਾਸ਼ਵਾਣੀ ਜਲੰਧਰ**

**ਪ੍ਰਦੇਸ਼ਿਕ ਖਬਰਾਂ ਪੰਜਾਬੀ**

**13:10 pm**

**ਮਿਤੀ: 21-05-2025**

ਅੱਜ ਦੇਸ਼ ਭਰ ਵਿਚ ਅੱਤਵਾਦ ਵਿਰੋਧੀ ਦਿਵਸ ਮਨਾਇਆ ਜਾ ਰਿਹਾ ਏ। ਦੇਸ਼ ਦੇ ਸਾਰੇ ਵਰਗਾਂ ਦੇ ਲੋਕਾਂ ਵਿਚ ਅੱਤਵਾਦ ਅਤੇ ਹਿੰਸਾ ਦੇ ਖ਼ਤਰੇ ਅਤੇ ਲੋਕਾਂ, ਸਮਾਜ ਤੇ ਪੂਰੇ ਦੇਸ਼ 'ਤੇ ਇਸ ਦੇ ਪ੍ਰਭਾਵ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇਹ ਦਿਨ ਮਨਾਇਆ ਜਾਂਦਾ ਏ । 1991 ਵਿਚ ਇਸ ਦਿਨ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅੱਤਵਾਦੀਆਂ ਦੇ ਮਨਸੂਬਿਆਂ ਦਾ ਸ਼ਿਕਾਰ ਹੋਏ ਸਨ। ਅੱਤਵਾਦ ਵਿਰੋਧੀ ਦਿਵਸ ਮਨਾਉਣ ਦਾ ਉਦੇਸ਼ ਲੋਕਾਂ ਨੂੰ ਅੱਤਵਾਦ ਅਤੇ ਹਿੰਸਾ ਤੋਂ ਦੂਰ ਕਰਨਾ ਏ।

-----------------------------------------------------------------

ਅੱਜ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ 34ਵੀਂ ਬਰਸੀ ਏ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਉਨ੍ਹਾਂ ਦੀ ਬਰਸੀ ਮੌਕੇ ਸ਼ਰਧਾਂਜਲੀ ਭੇਟ ਕੀਤੀ । ਕਾਂਗਰਸ ਪ੍ਰਧਾਨ ਮਲਿੱਕਾਰਜੁਨ ਖੜਗੇ ਅਤੇ ਕਾਂਗਰਸ ਦੇ ਸੀਨੀਅਰ ਨੇਤਾ ਰਾਹੁਲ ਗਾਂਧੀ

ਨੇ ਰਾਜੀਵ ਗਾਂਧੀ ਦੇ ਸਮਾਰਕ **ਵੀਰਭੂਮੀ** ਵਿਖੇ ਸਾਬਕਾ ਪ੍ਰਧਾਨ ਮੰਤਰੀ ਨੂੰ ਸ਼ਰਧਾਂਜਲੀ ਭੇਟ ਕੀਤੀ।

------------------------------------------------------------------------

ਸਰਹੱਦੀ ਸੁਰੱਖਿਆ ਬਲ (ਬੀ.ਐੱਸ.ਐੱਫ. ) ਨੇ ਬੀਤੀ ਸ਼ਾਮ ਅੰਮ੍ਰਿਤਸਰ ਦੇ ਸਰਹੱਦੀ ਇਲਾਕੇ ਵਿੱਚੋਂ ਇਕ ਪਾਕਿਸਤਾਨੀ ਘੁਸਪੈਠੀਏ ਨੂੰ ਹਿਰਾਸਤ ਵਿਚ ਲਿਆ ਏ। ਫੌਜ ਨੇ ਇਸ ਵਿਅਕਤੀ ਦੀ ਸ਼ੱਕੀ ਸਰਗਰਮੀ ਦੇਖੀ ਸੀ, ਜਿਸ ਨੇ ਪਹਿਲਾਂ ਅੰਤਰਰਾਸ਼ਟਰੀ ਸਰਹੱਦ ਪਾਰ ਕੀਤੀ ਤੇ ਫਿਰ ਸਰਹੱਦੀ ਕੰਡਿਆਲੀ ਤਾਰ ਦੇ ਨੇੜੇ ਆਉਣਾ ਸ਼ੁਰੂ ਕਰ ਦਿੱਤਾ ਸੀ। ਤੇਜੀ ਨਾਲ ਜਵਾਬ ਦਿੰਦਿਆਂ ਫੌਜ ਨੇ ਉਸ ਨੂੰ ਰੋਕਣ ਲਈ ਚੁਣੌਤੀ ਦਿੱਤੀ ਤੇ ਬਾਅਦ ਵਿਚ ਕਾਬੂ ਕਰ ਲਿਆ। ਬੀ.ਐੱਸ.ਐੱਫ. ਸੂਤਰਾਂ ਮੁਤਾਬਕ ਘੁਸਪੈਠੀਏ ਨੇ ਆਪਣੀ ਪਛਾਣ ਪਾਕਿਸਤਾਨੀ ਨਾਗਰਿਕ ਵਜੋਂ ਦੱਸੀ ਏ। ਤਲਾਸ਼ੀ ਲੈਣ ਉੱਤੇ ਉਸ ਕੋਲੋਂ 3,30/- ਰੁਪਏ ਦੀ ਪਾਕਿਸਤਾਨੀ ਨਗਦੀ ਬਰਾਮਦ ਹੋਈ ਏ। ਬੀ.ਐੱਸ.ਐੱਫ. ਅਤੇ ਸਹਿਯੋਗੀ ਏਜੰਸੀਆਂ ਨੇ ਘੁਸਪੈਠੀਏ ਤੋਂ ਸ਼ੁਰੂਆਤੀ ਪੁੱਛਗਿੱਛ ਕੀਤੀ ਏ ਅਤੇ ਅੰਤਰਰਾਸ਼ਟਰੀ ਸਰਹੱਦ ਪਾਰ ਕਰਨ ਦੇ ਉਸ ਦੇ ਮਕਸਦ ਬਾਰੇ ਜਾਣਨ ਲਈ ਸਥਾਨਕ ਪੁਲਿਸ ਦੇ ਹਵਾਲੇ ਕਰ ਦਿੱਤਾ ਏ।

------------------------------------------------------------------------

ਅਟਾਰੀ-ਵਾਹਗਾ ਸਾਂਝੀ ਚੈੱਕਪੋਸਟ 'ਤੇ ਅੱਜ ਸ਼ਾਮ ਤੋਂ ਰੀਟਰੀਟ ਸਮਾਰੋਹ ਨੂੰ ਆਮ ਲੋਕ ਵੀ ਦੇਖ ਸਕਣਗੇ। ਇਹ ਰਸਮੀ ਪਰੇਡ ਕੱਲ੍ਹ ਦੁਬਾਰਾ ਸ਼ੁਰੂ ਕੀਤੀ ਸੀ, ਜੋ ਕਿ ਸਿਰਫ਼ ਮੀਡੀਆ ਲਈ ਸੀ ਹਾਲਾਂਕਿ ਫਿਰ ਵੀ ਲੋਕ ਇਹ ਸਮਾਰੋਹ ਦੇਖਣ ਆਏ ਸਨ। ਸੀਮਾ ਸੁਰੱਖਿਆ ਬਲ ਨੇ ਲੋਕਾਂ ਨੂੰ ਸਟੇਡੀਅਮ ਵਿਚ ਦਾਖਲ ਹੋਣ ਤੋਂ ਰੋਕਿਆ ਨਹੀਂ ਸੀ। ਇਸੇ ਤਰ੍ਹਾਂ, ਲੋਕਾਂ ਨੂੰ ਫਿਰੋਜ਼ਪੁਰ ਦੇ ਹੁਸੈਨੀਵਾਲਾ ਤੇ ਫਾਜ਼ਿਲਕਾ ਦੇ ਸਾਦਕੀ ਦੀਆਂ ਦੋ ਹੋਰ ਸਰਹੱਦੀ ਚੌਕੀਆਂ 'ਤੇ ਰੀਟਰੀਟ ਦੇਖਣ ਦੀ ਇਜਾਜ਼ਤ ਹੋਵੇਗੀ। ਭਾਰਤ ਦੇ 'ਆਪ੍ਰੇਸ਼ਨ ਸਿੰਦੂਰ' ਦੇ ਮੱਦੇਨਜ਼ਰ 8 ਮਈ ਨੂੰ ਰਸਮੀ ਪਰੇਡ ਨੂੰ ਰੋਕ ਦਿੱਤੀ ਗਈ ਸੀ। ਹਾਲਾਂਕਿ, 22 ਅਪ੍ਰੈਲ ਨੂੰ ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਜ਼ਰੂਰੀ ਸੁਰੱਖਿਆ ਇੰਤਜਾਮਾਂ ਤਹਿਤ ਇਸ ਅਭਿਆਸ ਵਿਚ ਬਦਲਾਅ ਕੀਤੇ ਗਏ ਨੇ। ਪਹਿਲਾਂ, ਸਰਹੱਦ 'ਤੇ ਗੇਟ ਖੋਲ੍ਹੇ ਗਏ ਸਨ ਅਤੇ ਪਰੇਡ ਸਾਂਝੇ ਅਭਿਆਸ ਵਜੋਂ ਕੀਤੀ ਗਈ ਸੀ। ਹੁਣ, ਪਰੇਡ ਦੌਰਾਨ ਗੇਟ ਬੰਦ ਰਹਿਣਗੇ ਤੇ ਇਸ ਅਭਿਆਸ ਦੌਰਾਨ ਨਾ ਤਾਂ ਹੱਥ ਮਿਲਾਏ ਜਾਣਗੇ ਤੇ ਨਾ ਹੀ ਕਿਸੇ ਵੀ ਮੌਕੇ 'ਤੇ ਮਠਿਆਈਆਂ ਜਾਂ ਤੋਹਫ਼ਿਆਂ ਦਾ ਆਦਾਨ-ਪ੍ਰਦਾਨ ਹੋ ਸਕੇਗਾ। ਰੀਟਰੀਟ ਸਮਾਰੋਹ ਕੌਮੀ ਸੁਰੱਖਿਆ ਤੇ ਦੇਸ਼ ਭਗਤੀ ਦਾ ਭਾਵੁਕ ਪ੍ਰਤੀਕ ਹੈ, ਜਿਸ ਵਿਚ ਝੰਡਾ ਝੁਕਾਉਣ ਦੀ ਰਸਮ ਸ਼ਾਮਲ ਹੁੰਦੀ ਏ। ਇਹ ਸਮਾਰੋਹ ਹਜ਼ਾਰਾਂ ਦੀ ਗਿਣਤੀ ਵਿਚ ਅਟਾਰੀ ਆਉਣ ਵਾਲੇ ਦਰਸ਼ਕਾਂ ਦਾ

ਧਿਆਨ ਆਪਣੇ ਵੱਲ ਖਿੱਚਦਾ ਹੈ। ਇਹ ਸਮਾਰੋਹ ਦੇਸ਼ ਵਾਸੀਆਂ ਵਿਚ ਹਥਿਆਰਬੰਦ ਸੈਨਾਵਾਂ ਪ੍ਰਤੀ ਸ਼ੁਕਰਗੁਜ਼ਾਰੀ ਤੇ ਸਤਿਕਾਰ ਦੀ ਭਾਵਨਾ ਨੂੰ ਵਧਾਉਂਦਾ ਏ।–

-------------------------------------------------------------------

ਕੇਂਦਰ ਸਰਕਾਰ ਨੇ ਵੱਖ-ਵੱਖ ਸੋਸ਼ਲ ਮੀਡੀਆ ਚੈਨਲਾਂ ਦੀਆਂ ਉਨਾਂ ਪੋਸਟਾਂ ਨੂੰ ਖਾਰਜ ਕਰ ਦਿੱਤਾ ਏ, ਜਿਨ੍ਹਾਂ ਵਿਚ ਇਹ ਦਾਅਵਾ ਕੀਤਾ ਗਿਆ ਏ ਕਿ ਕੇਂਦਰ ਸਰਕਾਰ ਨੇ 29 ਮਈ ਤੋਂ 2 ਜੂਨ ਦਰਮਿਆਨ ਤਾਪਮਾਨ 55 ਡਿਗਰੀ ਸੈਲਸੀਅਸ ਤੱਕ ਪੁੱਜਣ ਦੇ ਸੰਭਾਵੀ ਵਾਧੇ ਬਾਰੇ ਹਾਈ ਅਲਰਟ ਜਾਰੀ ਕੀਤਾ ਏ । ਪੱਤਰ ਸੂਚਨਾ ਦਫ਼ਤਰ ਦੀ ਤੱਥ ਜਾਂਚ ਇਕਾਈ ਨੇ ਸਪੱਸ਼ਟ ਕੀਤਾ ਏ ਕਿ ਸਰਕਾਰ ਨੇ ਅਜਿਹੀ ਕੋਈ ਸੂਚਨਾ ਜਾਰੀ ਨਹੀਂ ਕੀਤੀ ਅਤੇ ਨਾਗਰਿਕਾਂ ਨੂੰ ਭਾਰਤੀ ਮੌਸਮ ਵਿਭਾਗ ਦੀ ਅਧਿਕਾਰਤ ਵੈੱਬਸਾਈਟ ਦੇਖਣ ਦੇ ਨਿਰਦੇਸ਼ ਦਿੱਤੇ ਨੇ।

-------------------------------------------------------------------

ਪੰਜਾਬ ਦੇ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਏ ਕਿ ਸੂਬਾ ਸਰਕਾਰ, ਲੋਕਾਂ ਨੂੰ ਸਾਫ਼-ਸੁਥਰਾ ਪਾਣੀ

ਮੁਹੱਈਆ ਕਰਵਾਉਣ ਲਈ ਲਗਭਗ 315 ਕਰੋੜ ਰੁਪਏ ਦੀਆਂ ਦੋ ਯੋਜਨਾਵਾਂ ਸ਼ੁਰੂ ਕਰੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ 22 ਜ਼ਿਲ੍ਹਿਆਂ ਵਿਚ 159 ਕਰੋੜ ਰੁਪਏ ਦੀ ਲਾਗਤ ਨਾਲ, 144 ਪੇਂਡੂ ਜਲ ਸਪਲਾਈ ਸਕੀਮਾਂ ਦੇ ਵਾਧੇ ਤੇ ਵੰਡ ਲਈ ਇਕ ਪ੍ਰੋਜੈਕਟ ਪਹਿਲਾਂ ਹੀ ਮਨਜ਼ੂਰ ਕੀਤਾ ਜਾ ਚੁੱਕਾ ਏ। ਮੰਤਰੀ ਨੇ ਕਿਹਾ ਕਿ ਇਸ ਯੋਜਨਾ ਨਾਲ 176 ਪਿੰਡਾਂ ਦੇ ਲੋਕਾਂ ਨੂੰ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਇਆ ਜਾ ਸਕੇਗਾ । ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਸਾਲ 2025-26 ਲਈ 21 ਜ਼ਿਲ੍ਹਿਆਂ ਵਿਚ 125 ਪੇਂਡੂ ਜਲ ਸਪਲਾਈ ਸਕੀਮਾਂ ਦੇ ਵਾਧੇ ਤੇ ਵੰਡ ਸਬੰਧੀ ਇਕ ਯੋਜਨਾ ਸਬੰਧੀ ਤਜਵੀਜ਼ ਏ। ਇਸ ਪ੍ਰੋਜੈਕਟ ਨਾਲ 175 ਪਿੰਡਾਂ ਦੇ ਲੋਕਾਂ ਨੂੰ ਲਾਭ ਹੋ ਸਕੇਗਾ।

-----------------------------------------------------------------

ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਤੇ ਗੜਸ਼ੰਕਰ ਹਲਕੇ ਦੇ ਵਿਧਾਇਕ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਪਿੰਡ ਚੱਕ ਫੁੱਲੂ ਨੂੰ ਸੋਲਰ ਸਿਸਟਮ ਭੇਟ ਕੀਤਾ ਏ। ਡਿਪਟੀ ਸਪੀਕਰ ਰੌੜੀ ਨੇ ਕਿਹਾ ਕਿ “ਪੰਜਾਬ ਸਰਕਾਰ ਪਿੰਡਾਂ ਦੀ ਤਰੱਕੀ ਤੇ ਵਾਤਾਵਰਣ ਸੁਰੱਖਿਆ ਲਈ ਲਗਾਤਾਰ ਯਤਨਸ਼ੀਲ ਏ। ਸਾਡਾ ਟੀਚਾ ਲੱਕੜ ਜਾਂ ਡੀਜ਼ਲ ਉੱਤੇ ਨਿਰਭਰ ਹੋਣ ਦੀ ਥਾਂ ਸੂਰਜੀ ਊਰਜਾ ਵਰਗੇ ਨਵੀਨ ਸਰੋਤਾਂ ਵੱਲ ਵਧਣਾ ਏ।

-----------------------------------------------------------------

ਪੰਜਾਬ ਸਰਕਾਰ ਦੇ ਸਕੂਲ ਮਾਰਗਦਰਸ਼ਨ ਪ੍ਰੋਗਰਾਮ ਦੇ ਹਿੱਸੇ ਵਜੋਂ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਸਕੂਲ ਆਫ਼ ਐਮੀਨੈਂਸ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਮਿਲਰਗੰਜ ਵਿਚ 9ਵੀਂ ਅਤੇ 10ਵੀਂ ਜਮਾਤ ਦੇ ਵਿਦਿਆਰਥੀਆਂ ਆਪਣੇ ਟੀਚਿਆਂ ਦੀ ਪ੍ਰਾਪਤੀ ਲਈ ਪ੍ਰੇਰਿਤ ਕੀਤਾ। ਡਿਪਟੀ ਕਮਿਸ਼ਨਰ ਜੈਨ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਵੱਡੇ ਸੁਪਨੇ ਦੇਖੋ ਅਤੇ ਉਸ ਦੀ ਪ੍ਰਾਪਤੀ ਲਈ ਹਰ ਔਕੜ ਨੂੰ ਰਾਹ ਤੋਂ ਪਾਸੇ ਕਰੋ। ਇਸ ਦੌਰਾਨ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਡਿਪਟੀ ਕਮਿਸ਼ਨਰ ਨਾਲ ਆਪਣੀਆਂ ਭਵਿੱਖ ਦੀਆਂ ਇੱਛਾਵਾਂ ਸਾਂਝੀਆਂ ਕੀਤੀਆਂ ਤੇ ਸੁਪਨਿਆਂ ਬਾਰੇ ਜਾਣੂੰ ਕਰਵਾਇਆ।